# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜ਼ਿਲ, ਫੇਜ - 8, ਸ.ਅ.ਸ. ਨਗਰ**

**(ਕੋਆਰਡੀਨੇਸਨ ਸ਼ਾਖਾ)**

ਸੇਵਾ ਵਿਖੇ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ),
ਪੰਜਾਬ ਰਾਜ ਵਿੱਚ।

ਮੀਮੋ ਨੰ: ੨੧੧੬੮੧/ਕੋਆਰਡੀਨੇਸ਼ਨ (1)/੨੦੨੨੨੭੨੧੨੩
ਮਿਤੀ: 17/10/੨੦੨੨

**ਵਿਸ਼ਾ:-** **ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸੁਣਵਾਈ ਲਈ ਲੱਗੇ ਕੇਸਾਂ ਵਿੱਚ ਪੇਸ਼ੀ ਅਟੈਂਡ ਕਰਨ ਸਬੰਧੀ।**

1.0 ਉਪਰੋਕਤ ਵਿਸੇ ਸਬੰਧੀ ਐਡਵੋਕੇਟ ਜਨਰਲ ਪੰਜਾਬ ਦੇ ਦਫਤਰ ਵੱਲੋਂ ਇਹ ਮਾਮਲਾ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸਿੱਖਿਆ ਵਿਭਾਗ ਨਾਲ ਸਬੰਧਤ ਕੋਰਟ ਕੇਸਾਂ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਹਰ ਰੋਜ਼ ਸੁਣਵਾਈ ਅਧੀਨ ਆਉਂਦੇ ਕੇਸਾਂ ਵਿੱਚ ਜਿਲ੍ਹਾ ਪੱਧਰ ਦੇ ਜੋ ਵੀ ਕਰਮਚਾਰੀ ਪੇਸ਼ੀ ਅਟੈਂਡ ਕਰਨ ਆਉਂਦੇ ਹਨ, ਉਨਾ ਕਰਮਚਾਰੀਆਂ/ਅਧਿਕਾਰੀਆਂ ਨੂੰ ਕੇਸ ਦੇ ਤੱਥਾਂ ਬਾਰੇ ਜਾਣਕਾਰੀ ਨਹੀ ਹੁੰਦੀ ਅਤੇ ਨਾ ਹੀ ਉਹ ਸਰਕਾਰ ਦੀ ਤਰਫੋਂ ਕੇਸ ਨੂੰ ਡਿਫੈਂਡ ਕਰਨ ਵਾਲੇ counsel ਨੂੰ ਕੇਸ ਦੇ ਤੱਥਾਂ ਅਤੇ ਜਵਾਬਦਾਅਵੇ ਵਿੱਚ ਦਰਜ ਤੱਥਾਂ ਬਾਰੇ ਪੂਰੀ ਤਰ੍ਹਾਂ ਜਾਣੂ ਕਰਵਾ ਪਾਉਂਦੇ ਹਨ। ਇਸ ਕਾਰਣ ਵਿਭਾਗ ਦੇ ਕੋਰਟ ਕੇਸਾਂ ਨੂੰ ਸਹੀ ਤਰੀਕੇ ਨਾਲ ਡਿਫੈਂਡ ਕਰਨ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ। ਅਜਿਹੇ ਵਿੱਚ ਵਿਭਾਗ ਨੂੰ ਮਾਨਯੋਗ ਹਾਈਕੋਰਟ ਵੱਲੋਂ ਕਈ ਕੋਰਟ ਕੇਸਾਂ ਵਿੱਚ ਕਾਸਟਾਂ ਵੀ ਪਾਈਆਂ ਜਾ ਰਹੀਆਂ ਹਨ ਅਤੇ ਵਿਭਾਗ ਵਿਰੁੱਧ ਫੈਸਲੇ ਲਏ ਜਾ ਸਕਦੇ ਹਨ। ਇਸ ਨਾਲ ਵਿਭਾਗ ਦਾ ਅਕਸ ਖਰਾਬ ਹੁੰਦਾ ਹੈ ਅਤੇ ਵਿਭਾਗ ਨੂੰ ਕਿਸੇ ਵੀ ਸਮੇਂ ਗੰਭੀਰ ਵਿੱਤੀ ਅਤੇ ਕਾਨੂੰਨੀ ਔਕੜ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

2.0 ਉਪਰੋਕਤ ਦੇ ਸਨਮੁੱਖ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ (ਸੈਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਮਾਨਯੋਗ ਹਾਈਕੋਰਟ ਵਿਖੇ ਸੁਣਵਾਈ ਅਧੀਨ ਕੇਸਾਂ ਵਿੱਚ ਪੇਸ਼ੀ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਜਾਂ ਉਪ-ਜਿਲ੍ਹਾ ਸਿੱਖਿਆ ਅਫਸਰ (ਸੈਸਿ) ਜਾਂ ਸੁਪਰਡੰਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਵੱਲੋਂ ਸਮੇਤ ਸਬੰਧਤ ਡੀਲਿੰਗ ਸਹਾਇਕ ਦੇ ਮੁਕੰਮਲ ਰਿਕਾਰਡ ਸਹਿਤ ਅਟੈਂਡ ਕੀਤੀ ਜਾਵੇ। ਹਰ ਇੱਕ ਕੋਰਟ ਕੇਸ ਦਾ ਜਵਾਬਦਾਅਵਾ ਪੇਸ਼ੀ ਦੀ ਮਿਤੀ ਤੋਂ 15 ਦਿਨ ਪਹਿਲਾਂ ਦਾਇਰ ਕਰਨਾ ਯਕੀਨੀ ਬਣਾਇਆ ਜਾਵੇ। ਹਰ ਇੱਕ ਕੇਸ ਦੀ ਪੇਸ਼ੀ ਵਾਲੇ

ਦਿਨ ਸਵੇਰੇ 9 ਵਜੇ ਜਾਂ ਖਾਸ ਤੌਰ ਤੇ ਬੁਲਾਵੇ ਤੇ ਸਰਕਾਰ ਦੀ ਤਰਫੋਂ ਕੇਸ ਨੂੰ ਡਿਫੈਂਡ ਕਰਨ ਵਾਲੇ ਸਬੰਧਤ counsel ਨਾਲ ਸੰਪਰਕ ਕਰਕੇ ਕੇਸ ਦੇ ਕੰਪਲੀਟ ਤੱਥਾਂ ਬਾਰੇ ਜਾਣੂੰ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਇਹਨਾਂ ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ),
ਪੰਜਾਬ

ਪਿੱਠ ਅੰਕਣ ਨੰ: ਉਕਤ/2022272925-926 ਮਿਤੀ: 17/10/2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਓ.ਐਸ.ਡੀ. (ਲਿਟੀਗੇਸ਼ਨ), ਦਫਤਰ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਲਾਅ ਅਫਸਰ, ਦਫਤਰ ਡੀ.ਪੀ.ਆਈ. (ਸੈਸਿ) ਪੰਜਾਬ।
3. ਸਮੂਹ ਸ਼ਾਖਾ ਅਧਿਕਾਰੀ, ਦ: ਡੀ.ਪੀ.ਆਈ. (ਸੈਸਿ) ਪੰਜਾਬ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ),
ਪੰਜਾਬ